## ਜੌਬ-ਸੰਬੰਧਿਤ ਖ਼ਰਚੇ ਕਵਰ ਕੀਤੇ ਜਾਂਦੇ ਹਨ

ਬਹੁਤ ਕੇਸਾਂ ਵਿਚ ਹੋ ਸਕਦਾ ਹੈ ਵਰਕਸੇਫ਼ ਬੀਸੀ ਜੌਬ ਨਾਲ ਸੰਬੰਧਿਤ ਹੋਰ ਖ਼ਰਚਿਆਂ ਲਈ ਵੀ ਸਹਾਇਤਾ ਕਰ ਦੇਵੇ, ਜਿਵੇਂ ਕੋਰਸਾਂ ਲਈ ਟਿਊਸ਼ਨ ਫ਼ੀਸ, ਅਤੇ ਜੇ ਕਾਮੇ ਨੂੰ ਲੋੜ ਹੋਵੇ ਤਾਂ ਅਰਗਨੌਮਿਕ ਸਹਾਇਕ ਵਸਤਾਂ। ਇਹਨਾਂ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਵੋਕੇਸ਼ਨਲ ਰੀਹੈਬਲੀਟੇਸ਼ਨ ਸਰਵਿਸਜ਼ ਨੂੰ ਸੰਪਰਕ ਕਰਕੇ ਲਈ ਜਾ ਸਕਦੀ ਹੈ।

## ਹੋਰ ਜਾਣਕਾਰੀ ਲਈ

ਇਹ ਜਾਣਨ ਲਈ ਕਿ ਕਾਮਿਆਂ ਨੂੰ ਹਾਇਰ ਕਰਨ ਵਿਚ ਆਉਂਦੇ ਜ਼ਿਆਦਾ ਖ਼ਰਚੇ ਕਿਸ ਤਰ੍ਹਾਂ ਘਟਾਏ ਜਾ ਸਕਦੇ ਹਨ, ਸਾਨੂੰ ਇਸ ਨੰਬਰ 1 886 266-9404 ਤੇ ਕਾਲ ਕਰੋ, ਜਾਂ ਸਾਡੇ ਵੈੱਬ ਸਾਈਟ ਨੂੰ www.worksafebc.com ਤੇ ਦੇਖੋ, ਫੇਰ Employer & Small Business Centre ਨੂੰ ਚੁਣੋ, ਤੇ ਫੇਰ Hire a Worker ਉਤੇ ਕਲਿੱਕ ਕਰੋ।

ਬ੍ਰਿਟਿਸ਼ ਕੋਲੰਬੀਆ ਦੇ ਹਰ ਵਰਕਸੇਫ਼ ਬੀਸੀ ਦੇ ਦਫ਼ਤਰ ਅੰਦਰ ਕਿੱਤੇ ਵਿਚ ਮੁੜ-ਵਸੇਬਾ ਸਲਾਹਕਾਰ ਮੌਜੂਦ ਹਨ। ਇਕ ਵਾਰ ਜਦੋਂ ਤੁਸੀਂ ਵਰਕਸੇਫ਼ ਬੀਸੀ ਨੂੰ ਚਾਹੇ ਫ਼ੋਨ ਜਾਂ ਫ਼ੈਕਸ ਕਰਦੇ ਹੋ, ਜਾਂ ਕੰਮ ਲਈ ਅਰਜ਼ੀ ਪਾਉਣ ਲਈ www.worksafebc.com ਉਤੇ ਜਾ ਕੇ Employer & Business Centre ਰਾਹੀਂ ਸੰਪਰਕ ਕਰਦੇ ਹੋ, ਇਕ ਸਲਾਹਕਾਰ ਤੁਹਾਡੇ ਨਾਲ ਕੰਮ ਦੇ ਵੇਰਵੇ ਬਾਰੇ ਗੱਲਬਾਤ ਲਈ ਸੰਪਰਕ ਕਰੇਗਾ ਅਤੇ ਜੇ ਪ੍ਰੋਗਰਾਮ ਬਾਰੇ ਹੋਰ ਪ੍ਰਸ਼ਨ ਹੋਣ ਤਾਂ ਉਹਨਾਂ ਦੇ ਉਤਰ ਵੀ ਦੇਵੇਗਾ।

WorkSafeBC Vocational Rehabilitation Services
ਫ਼ੋਨ 1 866 266-9404
ਫ਼ੈਕਸ 1 604 232-5858
E-mail edap@worksafebc.com

## ਹਾਇਰ ਏ ਵਰਕਰ ਪ੍ਰੋਗਰਾਮ ਦੀ ਸਹਾਇਤਾ ਨਾਲ ਤੁਸੀਂ:

- ਨਵੇਂ ਜਾਂ ਮੌਜੂਦਾ ਕੰਮ ਦੀਆਂ ਥਾਵਾਂ ਪੁਰ ਕਰਨ ਲਈ ਲੋਕ ਲੱਭ ਸਕਦੇ ਹੋ।
- ਵਿਸ਼ੇਸ਼ ਕਾਸਟ-ਇਨਸੈਂਟਿਵ ਪ੍ਰੋਗਰਾਮਾਂ ਰਾਹੀ ਆਪਣੀ ਜੱਥੇਬੰਦੀ ਦੀਆਂ ਲੋੜਾਂ ਪੂਰੀਆਂ ਕਰ ਸਕਦੇ ਹੋ।
- ਖ਼ਰਚੇ-ਵੰਡਣ ਦੀਆਂ ਸਕੀਮਾਂ ਅਧੀਨ ਸਿਖਲਾਈ ਤੇ ਤਨਖਾਹ ਦੇ ਖ਼ਰਚਿਆਂ ਨੂੰ ਘਟਾ ਸਕਦੇ ਹੋ।
- www.worksafebc.com ਸਾਈਟ ਉਤੇ Employer & Business Centre ਰਾਹੀਂ ਕਿਸੇ ਜੌਬ ਬਾਰੇ ਜਾਣਕਾਰੀ ਸਿੱਧਿਆਂ ਹੀ ਪਾ ਸਕਦਾ ਹੈ।

ਅੱਜ ਹੀ ਵਰਕਸੇਫ਼ ਬੀਸੀ ਦੀਆਂ ਵੋਕੇਸ਼ਨਲ ਰੀਹੈਬਲੀਟੇਸ਼ਨ ਸਰਵਿਸਜ਼ ਨੂੰ 1 866 266-9404 ਤੇ ਇਹ ਜਾਣਨ ਲਈ ਫ਼ੋਨ ਕਰੋ ਕਿ ਹਾਇਰ-ਏ-ਵਰਕਰ ਪ੍ਰੋਗਰਾਮ ਤੁਹਾਡੇ ਲਈ ਕੀ ਕਰ ਸਕਦਾ ਹੈ।

*"ਜੇ ਵਿਅਕਤੀ ਨਿਸਚੇਵਾਨ ਹਨ ਤੇ ਸੋਚਦੇ ਹਨ ਕਿ ਉਹ ਅਪਣੀਆਂ ਸੱਟਾਂ ਤੇ ਕਾਬੂ ਪਾ ਸਕਦੇ ਹਨ, ਤਾਂ ਉਹ ਅਕਸਰ ਪਾ ਸਕਦੇ ਹਨ। ਅਤੇ ਸੱਟਾਂ ਉਹਨਾਂ ਦਾ ਪ੍ਰਾਪਤ ਕੀਤਾ ਗਿਆਨ ਤੇ ਤਜਰਬਾ ਖੋਹ ਨਹੀਂ ਸਕਦੀਆਂ।"*

*-ਰੱਸ ਹਾਇਲੈਂਡ, ਸਨੂਟਲੀ ਕਰੀਕ ਹੈਚੱਰੀ, ਬੈਲਾ ਕੂਲਾ*



# ਹਾਇਰ ਏ ਵ੍ਰਕਰ ਪ੍ਰੋਗਰਾਮ

### ਬੀ ਸੀ ਦੇ ਮਾਲਕਾਂ ਲਈ ਕਾਮੇ ਹਾਇਰ ਕਰਨ ਲਈ ਸਹਾਇਤਾ



WORK SAFE BC

WORKING TO MAKE A DIFFERENCE

## ਹਾਇਰ ਕਰਨ ਦਾ ਖ਼ਰਚਾ ਘਟਾਉਣਾ

ਅਜ-ਕਲ੍ਹ ਦੀ ਮਾਰਕੀਟ ਵਿਚ ਇਕ ਕਾਮਾ ਬਦਲਣ ਤੇ ਹਜ਼ਾਰਾਂ ਡਾਲਰ ਖ਼ਰਚ ਆ ਸਕਦੇ ਹਨ। ਹਾਇਰ-ਏ-ਵਰਕਰ ਪ੍ਰੋਗਰਾਮ ਬੀ ਸੀ ਦੇ ਮਾਲਕਾਂ ਨੂੰ ਇਸ਼ਤਿਹਾਰਬਾਜ਼ੀ, ਭਰਤੀ ਕਰਨ, ਅਤੇ ਸਿਖਲਾਈ ਦੇਣ ਦੇ ਆਮ ਖ਼ਰਚੇ ਕਰਨ ਤੋਂ ਬਿਨਾਂ ਹੀ ਹੁਨਰਮੰਦ ਕਾਮਿਆਂ ਦੀ ਜਾਣਕਾਰੀ ਦੇ ਦਿੰਦਾ ਹੈ। ` ਜਿਹੜੇ ਮਾਲਕ ਸਾਡਾ ਹਾਇਰਿੰਗ ਪ੍ਰੋਗਰਾਮ ਵਰਤਣਗੇ ਉਹ ਕਾਸਟ-ਇਨਸੈਂਟਿਵ ਪ੍ਰੋਗਰਾਮਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੋਣਗੇ; ਇਹ ਪ੍ਰੋਗਰਾਮ ਇਕ ਨਵੇਂ ਕਰਮਚਾਰੀ ਨੂੰ ਸਿਖਲਾਈ ਦੇਣ ਦੇ ਖ਼ਰਚੇ ਨੂੰ ਘਟਾਉਣ ਲਈ ਬਣਾਏ ਗਏ ਹਨ।

ਹਾਇਰ-ਏ-ਵਰਕਰ ਪ੍ਰੋਗਰਾਮ ਬੀ ਸੀ ਦੇ ਮਾਲਕਾਂ ਅਤੇ ਜ਼ਖ਼ਮੀ ਹੋਏ ਉਹਨਾਂ ਕਾਮਿਆਂ ਲਈ ਡੀਜ਼ਾਇਨ ਕੀਤਾ ਗਿਆ ਹੈ ਜਿਹੜੇ ਕੰਮ ਤੇ ਵਾਪਸ ਜਾਣ ਲਈ ਤਿਆਰ ਹਨ। ਵਰਕਸੇਫ਼ ਬੀਸੀ ਦੀਆਂ (ਵਰਕਰਜ਼ ਕੰਪਨਸੇਸ਼ਨ ਬੋਰਡ) ਵੋਕੇਸ਼ਨਲ ਰੀਹੈਬਲੀਟੇਸ਼ਨ ਸਰਵਿਸਜ਼ ਤੁਹਾਨੂੰ ਤਜਰਬੇਕਾਰ ਅਤੇ ਹੁਨਰਮੰਦ ਵਰਕਰਾਂ ਨਾਲ ਸੰਪਰਕ ਕਰਵਾਉਂਦੀਆਂ ਹਨ ਜਿਹੜੇ ਕਈ ਕਿਸਮ ਦੇ ਕੰਮਾਂ ਦੀ ਥਾਂ-ਪੂਰਤੀ ਲਈ ਯੋਗ ਹੁੰਦੇ ਹਨ, ਅਤੇ ਉਹਨਾਂ ਦੀ ਸਿਖਲਾਈ ਦਾ ਖ਼ਰਚਾ ਅਸੀਂ ਤੁਹਾਡੇ ਨਾਲ ਸਾਂਝਾ ਕਰਾਂਗੇ।

## ਇਹ ਪ੍ਰੋਗਰਾਮ ਕਿਵੇਂ ਕੰਮ ਕਰਦਾ ਹੈ

ਤੁਸੀਂ ਸਾਡੇ ਵੈਬੱਸਾਈਟ ਉਤੇ ਜੌਬ ਦੀ ਜਾਣਕਾਰੀ ਪਾਓ ਤੇ ਸਾਨੂੰ ਦੱਸੋ ਕਿ ਤੁਹਾਡੀ ਜ਼ਰੂਰਤ ਕੀ ਹੈ, ਤੇ ਅਸੀਂ ਆਪਣੀ ਕੰਮ-ਲਈ-ਤਿਆਰ ਕਲਾਇੰਟ ਲਿਸਟ ਵਿਚੋਂ ਤੁਹਾਡੇ ਵੇਰਵੇ ਨਾਲ ਮੇਲ ਖਾਂਦਾ ਕਾਮਾ ਲੱਭ ਕੇ ਦੇਵਾਂਗੇ।

ਅਸੀਂ ਤੁਹਾਡਾ ਸੰਪਰਕ ਉਹਨਾਂ ਹੁਨਰਮੰਦ ਲੋਕਾਂ ਨਾਲ ਕਰਵਾਵਾਂਗੇ ਜੋ ਨਵੇਂ ਜਾਂ ਮੌਜੂਦਾ ਕੰਮਾਂ ਦੀਆਂ ਪੋਜ਼ੀਸ਼ਨਾਂ ਤੇ ਕੰਮ ਕਰ ਸਕਣ। ਸਾਡੇ ਕਲਾਇੰਟਾਂ ਕੋਲ ਬਹੁਤ ਕਿਸਮ ਦੇ ਹੁਨਰ ਹਨ ਤੇ ਉਹ ਕਈ ਕਿਸਮ ਦੇ ਕੰਮ ਕਰਨ ਦੇ ਯੋਗ ਹਨ।

ਇਹ ਕੁਝ ਅਜਿਹੇ ਕੰਮਾਂ ਦੀਆਂ ਉਦਾਹਰਣਾਂ ਹਨ ਜਿਹਨਾਂ ਉਤੇ ਪਹਿਲਾਂ ਜ਼ਖ਼ਮੀ ਹੋਏ ਕਾਮੇ ਲਾਏ ਗਏ ਸਨ; ਇਹਨਾਂ ਵਿਚ ਸ਼ਾਮਲ ਹਨ ਕੁਆਲਿਟੀ ਅਸ਼ੋਅਰੰਸ ਇੰਸਪੈਕਟਰ, ਪਾਰਟਸ ਪਰਸਨ, ਤਰਖ਼ਾਣ, ਵਿਕਰੇਤਾ, ਨਰਸ ਕੇਸ ਮੈਨੇਜਰ, ਭਾਰੀ ਮਸ਼ੀਨਰੀ ਚਾਲਕ, ਟਰੱਕ ਡਰਾਈਵਰ, ਪੇਂਟਰ, ਆਫ਼ਿਸ ਸੁਪਰਵਾਈਜ਼ਰ, ਡਾਕ ਫੋਰਮੈਨ, ਕਸਟਮਰ ਸਰਵਿਸ ਰਿਪਰਜ਼ੈਂਟੇਟਿਵ, ਨੈਟੱ ਵਰਕ ਸਪੈਸ਼ਲਿਸਟ, ਅਤੇ ਕੰਪਿਊਟਰ ਪ੍ਰੋਗਰਾਮਰ।

## ਕਾਸਟ ਇਨਸੈਂਟਿਵ

ਜਦੋਂ ਤੁਸੀਂ ਇਸ ਪ੍ਰੋਗਰਾਮ ਰਾਹੀਂ ਹਾਇਰ ਕਰਨ ਦਾ ਫ਼ੈਸਲਾ ਕਰਦੇ ਹੋ, ਤਾਂ ਅਸੀਂ ਕਾਮੇ ਦੀ ਸਿਖਲਾਈ ਵਾਸਤੇ ਸਹਾਇਤਾ ਕਰਨ ਲਈ ਇਨਸੈਂਟਿਵ ਪ੍ਰੋਗਰਾਮ ਦੇਣ ਦੀ ਪੇਸ਼ਕਸ਼ ਕਰ ਸਕਦੇ ਹਾਂ। ਤੁਹਾਡੀ ਜ਼ਰੂਰਤ ਅਤੇ ਕਾਮੇ ਦੇ ਤਜਰਬੇ ਦੇ ਆਧਾਰ ਤੇ ਅਸੀਂ ਸਿਖਲਾਈ ਦੇ ਸਮੇਂ ਦੀ ਮਿਆਦ ਗੱਲਬਾਤ ਰਾਹੀਂ ਮਿਥ ਸਕਦੇ ਹਾਂ।

ਹਾਇਰ-ਏ-ਵਰਕਰ ਪ੍ਰੋਗਰਾਮ ਤੁਹਾਨੂੰ ਨਵੇਂ ਕਰਮਚਾਰੀ ਲਈ ਸਿਖਲਾਈ ਦੀ ਯੋਜਨਾ ਉਸ ਦੇ ਅਨਕੂਲ ਬਣਾਉਣ ਦੀ ਆਗਿਆ ਦਿੰਦਾ ਹੈ।

### ਮਾਇਕ ਸਹਾਇਤਾ ਨਾਲ ਚਲਦੇ ਸਿਖਲਾਈ ਪ੍ਰੋਗਰਾਮ

ਇਸ ਕਾਰਜ ਲਈ ਕਿ ਮਾਲਕ ਕਿਸੇ ਕਾਮੇ ਦੀ, ਜੌਬ ਅਨੁਸਾਰ ਯੋਗਤਾ ਦਾ ਮੁੱਲਾਂਕਣ ਕਰ ਸਕੇ, ਵਰਕਸੇਫ਼ ਬੀਸੀ ਸਿਖਲਾਈ ਦੇ ਸ਼ੁਰੂ ਵਿਚ ਉਸ ਕਾਮੇ ਨੂੰ ਪੂਰੀ ਮਾਇਕ ਸਹਾਇਤਾ ਜਾਰੀ ਰੱਖੇਗਾ; ਇਹ ਸਹਾਇਤਾ ਕੰਮ ਦੀ ਯੋਗਤਾ ਦੇ ਮੁੱਲਾਂਕਣ ਲਈ ਪੂਰੀ ਤਰਾਂ ਫੰਡ ਕੀਤੇ ਪ੍ਰੋਗਰਾਮ ਦਾ ਇਕ ਹਿੱਸਾ ਹੋਵੇਗੀ।

ਕੰਮ ਦੇ ਮੁੱਲਾਂਕਣ ਪਿਛੋਂ ਕੰਮ ਉਤੇ ਸਿਖਲਾਈ ਦੇ ਖਰਚੇ ਨੂੰ ਵੰਡਣ ਦਾ ਪ੍ਰੋਗਰਾਮ ਸ਼ੁਰੂ ਹੋ ਸਕਦਾ ਹੈ ਜਿਸ ਲਈ, ਜਿਉਂ ਜਿਉਂ ਵਰਕਰ ਸਿਖਲਾਈ ਪ੍ਰਾਪਤ ਕਰਦਾ ਜਾਵੇਗਾ, ਵਰਕਸੇਫ਼ ਬੀਸੀ ਦਾ ਮਾਲੀ ਯੋਗਦਾਨ ਘੱਟਦਾ ਜਾਵੇਗਾ ਤੇ ਮਾਲਕ ਦਾ ਵਧਦਾ ਜਾਵੇਗਾ।

ਇਕ ਉਦਾਹਰਣ ਇਹ ਹੋ ਸਕਦੀ ਹੈ ਕਿ ਇਕ 16 ਹਫਤਿਆਂ ਦਾ ਸਿਖਲਾਈ ਪ੍ਰੋਗਰਾਮ ਹੈ ਜਿਸ ਲਈ 720 ਡਾਲਰ ਹਫਤੇ ਦੇ ਮਿਲਦੇ ਹਨ। ਪਹਿਲੇ ਚਾਰ ਹਫਤੇ ਦਾ ਪੂਰਾ ਖ਼ਰਚਾ ਵਰਕਸੇਫ਼ ਬੀਸੀ ਵਲੋਂ ਕੰਮ ਦਾ ਮੁੱਲਾਂਕਣ ਕਰਨ ਦੇ ਹਿੱਸੇ ਵਜੋਂ ਦਿਤਾ ਜਾਵੇਗਾ ਇਹ ਜਾਣਨ ਲਈ ਕਿ ਵਰਕਰ ਕੋਲ ਉਹ ਕੰਮ ਕਰਨ ਦੀ ਯੋਗਤਾ ਹੈ ਜਾਂ ਨਹੀਂ। ਬਾਕੀ 12 ਹਫਤਿਆਂ ਦੇ ਪ੍ਰੋਗਰਾਮ ਦੌਰਾਨ ਜਿਵੇਂ ਜਿਵੇਂ ਵਰਕਰ ਨਵੀਂ ਜੌਬ ਉਤੇ ਸਿਖਲਾਈ ਪ੍ਰਾਪਤ ਕਰਦਾ ਜਾਵੇਗਾ ਵਰਕਸੇਫ਼ ਬੀਸੀ ਮਾਲਕ ਨੂੰ ਉਸ ਕਾਮੇ ਦੀ ਤਨਖਾਹ ਦਾ ਕੁਝ ਹਿੱਸਾ ਖਿਸਕਵੀਂ ਸਕੇਲ ਦੇ ਆਧਾਰ ਤੇ ਦਿੰਦਾ ਜਾਵੇਗਾ।

| ਹਫਤੇ | ਤਨਖਾਹ ਵਰਕਸੇਫ਼ ਬੀਸੀ ਵੱਲੋਂ | | ਤਨਖਾਹ ਮਾਲਕ ਵੱਲੋਂ | |
|---|---|---|---|---|
| 1–4 | 100% | $2,880 | 0% | $0 |
| 5–8 | 75% | $2,160 | 25% | $720 |
| 9–12 | 50% | $1,440 | 50% | $1,440 |
| 13–16 | 25% | $720 | 75% | $2,160 |
| **ਕੁਲ ਖ਼ਰਚ** | | **$7,200** | | **$4,320** |

17ਵਾਂ ਹਫਤਾ ਸ਼ੁਰੂ ਹੋਣ ਤੱਕ ਉਹ ਕਾਮਾ ਇਕ ਸਿਖਲਾਈ ਪ੍ਰਾਪਤ ਤੇ ਪ੍ਰੋਡਕਟਿਵ ਕਰਮਚਾਰੀ ਹੋਵੇਗਾ ਅਤੇ ਕੰਪਨੀ ਦੀ ਪੇ-ਰੋਲ ਤੇ ਹੋਵੇਗਾ।

ਇਸ ਉਦਾਹਰਣ ਵਿਚ, ਜਿਹੜਾ ਕਾਮਾ ਆਪਣੇ ਪਹਿਲੇ ਕੰਮ ਤੇ ਵਾਪਸ ਨਹੀਂ ਪਰਤ ਸਕਦਾ ਸੀ, ਉਸ ਨੂੰ ਹੋਰ ਕੰਮ ਮਿਲ ਗਿਆ ਅਤੇ ਮਾਲਕ ਨੇ ਹਾਇਰ-ਏ-ਵਰਕਰ ਪ੍ਰੋਗਰਾਮ ਵਿਚ ਹਿੱਸਾ ਲੈ ਕੇ ਕਾਮੇ ਦੀ ਤਨਖਾਹ ਵਿਚੋਂ 7200 ਡਾਲਰ ਬਚਾ ਲਏ।



*"ਸਰੀਰਕ ਅਯੋਗਤਾਵਾਂ ਨਾਲ ਫ਼ਰਕ ਨਹੀਂ ਪੈਂਦਾ। ਇਹ ਤਾਂ ਆਚਰਣ ਹੈ ਜੋ ਮਹੱਤਵਪੂਰਣ ਹੈ।"*

*– ਸੂਜ਼ਨ ਮੇਰੀ ਪ੍ਰਾਈਸ, ਹੈਲਥਸਪੇਸ ਇਨਟਗ੍ਰੇਟੱਡ ਸਲੂਸ਼ਨਜ਼, ਹੋਪ*

-Susan Marie Price, Healthspace Integrated Solutions, Hope